# ਵਿਤਰਨ ਪ੍ਰੋਟੋਕੋਲ

ਪਾਰਟ 1: ਨਿਪਟਾਰਾ ਸੰਰਚਨਾ

1. ਸਾਰੀਆਂ ਪਰਿਭਾਸ਼ਾਵਾਂ ਜੋ ਕਿ ਨਿਪਟਾਰਾ ਇਕਰਾਰਨਾਮੇ ਦੇ ਪੈਰਾ 1 ਵਿੱਚ ਸ਼ਾਮਲ ਹਨ ਜਾਂ ਨਿਪਟਾਰਾ ਇਕਰਾਰਨਾਮੇ ਵਿੱਚ ਅਨੁਰੂਪ ਪਰਿਭਾਸ਼ਾਵਾਂ ਵੱਜੋਂ ਵੈਸੇ ਸ਼ਾਮਲ ਕੀਤੀਆਂ ਗਈਆਂ ਹਨ ਇਸ ਵਿਤਰਨ ਪ੍ਰੋਟੋਕੋਲ 'ਤੇ ਲਾਗੂ ਹੁੰਦੀਆਂ ਹਨ ਅਤੇ ਇਸ ਵਿੱਚ ਸੰਮਿਲਤ ਕੀਤੀਆਂ ਗਈਆਂ ਹਨ।

2. ਇਹ ਵਿਤਰਨ ਪ੍ਰੋਟੋਕੋਲ ਨਿਪਟਾਰਾ ਇਕਰਾਰਨਾਮੇ ਦੀ ਅਨੁਸੂਚੀ ਬੀ ਦੇ ਤੌਰ 'ਤੇ ਤਿਆਰ ਕੀਤਾ ਗਿਆ ਹੈ।

3. ਸੇਵਾ ਫ਼ਲ, ਫ਼ੀਸਾਂ, ਭੁਗਤਾਨਾਂ ਅਤੇ ਲਾਗੂ ਟੈਕਸਾਂ ਦੀ ਅਦਾਇਗੀ ਤੋਂ ਬਾਦ, ਨਿਪਟਾਰਾ ਰਕਮਾਂ ਦਾ ਬਕਾਇਆ ਹੈਮਰਕੋ ਲਾਇਅਰਜ਼ ਐੱਲ ਐੱਲ ਪੀ ਜਾਂ ਉਸ ਦੇ ਉੱਤਰ ਅਧਿਕਾਰੀ ਦੁਆਰਾ ਇੱਕ ਵਿਆਜ ਪ੍ਰਾਪਤੀ ਯੋਗ ਟਰੱਸਟ ਖ਼ਾਤੇ ਵਿੱਚ ਰੱਖਿਆ ਜਾਏਗਾ।

4. ਨਿਪਟਾਰਾ ਰਕਮਾਂ 'ਤੇ ਪ੍ਰਾਪਤ ਵਿਆਜ ਕਲਾਸ ਦੇ ਲਾਭ ਹਿਤ ਜਮ੍ਹਾਂ ਹੋਵੇਗਾ, ਜੋ ਦਾਅਵਾ ਪ੍ਰਕਿਰਿਆ ਦੇ ਅੰਤ ਤੱਕ ਚੱਲੇਗਾ।

5. ਨਿਪਟਾਰਾ ਰਕਮਾਂ ਪੀ ਐੱਸ ਐੱਸ ਘਟਨਾ ਦੇ ਸਬੰਧ ਵਿੱਚ ਪ੍ਰਵਾਨਤ ਦਾਅਵਿਆਂ ਦੀ ਅਦਾਇਗੀ ਲਈ ਹੇਠਾਂ ਤੈਅ ਕੀਤੇ ਗਏ ਵਿਤਰਨ ਪ੍ਰੋਟੋਕੋਲ, ਪਾਰਟ 2 ਦੇ ਅਨੁਸਾਰ ਉਪਲਬਧ ਹੋਣਗੀਆਂ।

6. ਇਹ ਗਿਆਤ ਹੈ ਕਿ ਨਿਪਟਾਰਾ ਰਕਮਾਂ ਸਾਰੇ ਦਾਅਵਿਆਂ ਦੀ ਅਦਾਇਗੀ ਕਰਨ ਲਈ ਨਾਕਾਫ਼ੀ ਹੋ ਸਕਦੀਆਂ ਹਨ। ਮੌਜੂਦਾ ਨਿਪਟਾਰਾ ਰਕਮਾਂ 'ਤੇ ਪ੍ਰਾਪਤ ਹੋਏ ਵਿਆਜ ਤੋਂ ਬਿਨਾਂ ਕਿਸੇ ਹੋਰ ਸ੍ਰੋਤ ਤੋਂ ਕੋਈ ਵਧੀਕ ਯੋਗਦਾਨ ਨਹੀਂ ਦਿੱਤੇ ਜਾਣਗੇ।

7. ਕਲਾਸ ਮੈਂਬਰ ਕਿਸੇ ਹੋਰ ਸ੍ਰੋਤ ਤੋਂ ਪਹਿਲਾਂ ਹੀ ਮੁੜ ਅਦਾ ਕੀਤੀਆਂ ਜਾ ਚੁੱਕੀਆਂ ਰਕਮਾਂ ਲਈ ਦਾਅਵਾ ਪੇਸ਼ ਨਹੀਂ ਕਰ ਸਕਣਗੇ।

8. ਕਲਾਸ ਕਾਊਂਸਲ, ਜਾਂ ਅਦਾਲਤ ਦੁਆਰਾ ਨਿਯੁਕਤ ਦਾਅਵਾ ਪ੍ਰਬੰਧਕ, ਯੋਗ ਦਾਅਵਿਆਂ ਲਈ ਕੁਸ਼ਲਤਾ ਅਤੇ ਮੁਆਵਜ਼ੇ ਦੇ ਉਦੇਸ਼ਾਂ ਨੂੰ ਤਰਜੀਹ ਦਿੰਦਿਆਂ, ਵਿਤਰਨ ਪ੍ਰੋਟੋਕੋਲ ਦਾ ਇਸ ਦੀਆਂ ਸ਼ਰਤਾਂ ਅਨੁਸਾਰ ਪ੍ਰਬੰਧ ਕਰੇਗਾ। ਜੇ ਜ਼ਰੂਰੀ ਹੋਵੇ, ਕਲਾਸ ਕਾਊਂਸਲ (ਜਾਂ ਦਾਅਵਾ ਪ੍ਰਬੰਧਕ), ਕੇਵਲ ਆਪਣੇ ਵਿਵੇਕ ਦੇ ਅਧਾਰ 'ਤੇ, ਕਲਾਸ ਮੈਂਬਰਾਂ ਪ੍ਰਤੀ ਇਨਸਾਫ਼ ਕਰਨ ਲਈ, ਵਿਤਰਨ ਪ੍ਰੋਟੋਕੋਲ ਅਧੀਨ ਤਕਨੀਕੀ ਸ਼ਰਤਾਂ ਤੋਂ ਛੋਟ ਦੇ ਸਕਦੇ ਹਨ। ਵਿਤਰਨ ਪ੍ਰੋਟੋਕੋਲ ਅਧੀਨ ਕੀਤੇ ਗਏ ਨਿਰਧਾਰਣਾਂ ਪ੍ਰਤੀ ਕੋਈ ਅਪੀਲਾਂ ਜਾਂ ਹੋਰ ਪੁਨਰ-ਵਿਚਾਰ ਨਹੀਂ ਹੋ ਸਕੇਗਾ। ਨਾ ਕਲਾਸ ਕਾਊਂਸਲ ਅਤੇ ਨਾ ਹੀ ਦਾਅਵਾ ਪ੍ਰਬੰਧਕ ਵਿਤਰਨ ਪ੍ਰੋਟੋਕੋਲ ਅਧੀਨ ਲਏ ਗਏ ਕੋਈ ਫ਼ੈਸਲਿਆਂ ਜਾਂ ਕਾਰਵਾਈਆਂ ਲਈ ਜਵਾਬਦੇਹ ਹੋਵੇਗਾ।

9. ਕਲਾਸ ਕਾਊਂਸਲ ਕੋਲ ਨਿਪਟਾਰਾ ਨਿਧੀ ਦੇ ਪ੍ਰਬੰਧਨ ਨਾਲ ਸਬੰਧਤ ਖ਼ਰਚਿਆਂ, ਅਤੇ ਵਿਆਜ ਪ੍ਰਾਪਤੀ ਯੋਗ ਇੱਕ ਸਮਰਪਿਤ ਟਰੱਸਟ ਖ਼ਾਤੇ ਦੇ ਰੱਖ-ਰਖਾਅ ਦੇ ਖ਼ਰਚੇ ("**ਖ਼ਰਚੇ**") ਨਿਪਟਾਰਾ ਰਕਮਾਂ ਵਿੱਚੋਂ ਕਰਨ ਦਾ ਅਧਿਕਾਰ ਹੋਵੇਗਾ, ਜਿਸ ਵਿੱਚ ਦਾਅਵਾ ਪ੍ਰਬੰਧਕ ਦੇ ਖ਼ਰਚੇ ਸ਼ਾਮਲ ਹੋਣਗੇ।

10. ਆਪਣੇ ਦਾਅਵੇ ਪੇਸ਼ ਕਰਨ ਲਈ ਕਲਾਸ ਮੈਂਬਰਾਂ ਨੂੰ ਨੋਟਿਸ ਜਾਰੀ ਕਰਨ ਤੋਂ ਛੇ (6) ਮਹੀਨੇ ਬਾਦ, ਨਿਪਟਾਰਾ ਰਕਮਾਂ ਦੇ ਕਿਸੇ ਵੀ ਰਹਿੰਦੇ ਬਕਾਏ ਦੀ ਵੰਡ ਅਦਾਲਤ ਦੇ ਨਿਪਟਾਰਾ ਪ੍ਰਵਾਨਗੀ ਆਦੇਸ਼ ਦੇ ਅਨੁਸਾਰ ਸਾਈ-ਪਰੇ (cy-pres) ਵਿਧੀ ਨਾਲ ਕੀਤੀ ਜਾਏਗੀ।

ਪਾਰਟ 2: ਦਾਅਵਾ ਪੇਸ਼ ਕਰਨਾ

11. ਸਾਰੇ ਦਾਅਵੇ ਲਾਜ਼ਮੀ ਇਸ ਤੋਂ ਪਹਿਲਾਂ ਪ੍ਰਾਪਤ ਹੋਣੇ ਚਾਹੀਦੇ ਹਨ **[ਮਿਤੀ]: ਆਪਣੇ ਦਾਅਵੇ ਪੇਸ਼ ਕਰਨ ਲਈ ਕਲਾਸ ਮੈਂਬਰਾਂ ਨੂੰ ਨੋਟਿਸ ਜਾਰੀ ਕਰਨ ਤੋਂ ਛੇ ਮਹੀਨੇ ਬਾਦ]**

12. ਕਲਾਸ ਮੈਂਬਰ ਜੋ ਜਨਵਰੀ ਜਾਂ ਫ਼ਰਵਰੀ 2021 ਵਿੱਚ ਕੈਨੇਡਾ ਵਿੱਚ (ਹੇਠਾਂ ਦਿੱਤੇ ਪੈਰਾ 16 ਅਨੁਸਾਰ) ਰਿਹਾਇਸ਼ ਹੋਣ ਅਤੇ ਪੀ ਐੱਸ ਐੱਸ ਘਟਨਾ ਦੇ ਕਾਰਣ ਅਸਲ ਵਿੱਚ ਜਾਂ ਸਿੱਧੇ ਤੌਰ 'ਤੇ ਪ੍ਰਮਾਣਿਤ ਨੁਕਸਾਨ (ਇੱਕ "**ਪ੍ਰਮਾਣਿਤ ਨੁਕਸਾਨ**") ਹੋਏ ਹੋਣ ਦਾ ਸਬੂਤ ਪੇਸ਼ ਕਰਦਿਆਂ ਸਮੇਂ ਸਿਰ ਦਾਅਵਾ ਪੇਸ਼ ਕਰਦੇ ਹਨ, ਅਜਿਹੇ ਨੁਕਸਾਨ ਲਈ ਅਦਾਇਗੀ ਵਾਸਤੇ ਯੋਗ ਹੋਣਗੇ, ਜੋ ਕੇਵਲ ਕਲਾਸ ਕਾਉਂਸਲ ਦੇ ਮੁਕੰਮਲ ਵਿਵੇਕ ਦੁਆਰਾ ਨਿਰਧਾਰਤ ਕੀਤਾ ਜਾਏਗਾ।

13. ਪ੍ਰਮਾਣਿਤ ਨੁਕਸਾਨ ਦਾ ਸਬੂਤ ਲਾਜ਼ਮੀ ਯਥਾਰਥਕ, ਭਰੋਸੇਮੰਦ ਅਤੇ ਪਰਮਾਣਕ ਹੋਣਾ ਚਾਹੀਦਾ ਹੈ, ਜਿਵੇਂ ਕਿ ਕ੍ਰੈਡਿਟ ਕਾਰਡ ਸਟੇਟਮੈਂਟਾਂ, ਬਿਲ, ਧੋਖਾਧੜੀ ਰਿਪੋਰਟਾਂ, ਜਾਂ ਜੇਬ 'ਚੋਂ ਕੀਤੇ ਖ਼ਰਚਿਆਂ ਦੀਆਂ ਰਸੀਦਾਂ। ਕੇਵਲ ਕਲਾਸ ਮੈਂਬਰਾਂ ਦੇ ਪੀ ਐੱਸ ਐੱਸ ਡੇਟਾ ਉਲੰਘਣ ਦੇ ਕਾਰਣ ਅਸਲ ਵਿੱਚ ਅਤੇ ਸਿੱਧੇ ਤੌਰ 'ਤੇ ਹੋਏ ਨੁਕਸਾਨ ਅਤੇ/ਜਾਂ ਖ਼ਰਚੇ ਕਲਾਸ ਕਾਉਂਸਲ ਜਾਂ ਦਾਅਵਾ ਪ੍ਰਬੰਧਕ ਦੁਆਰਾ ਉਨ੍ਹਾਂ ਦੇ ਸੰਪੂਰਣ ਵਿਵੇਕ ਮੁਤਾਬਕ ਪ੍ਰਵਾਨ ਕੀਤੇ ਜਾਣਗੇ।

14. ਕਲਾਸ ਮੈਂਬਰ ਹੇਠ ਦਿੱਤੀਆਂ ਨੁਕਸਾਨ ਦੀਆਂ ਕਿਸਮਾਂ ਲਈ ਦਾਅਵਾ ਪੇਸ਼ ਕਰਨ ਲਈ ਯੋਗ ਹਨ:

| **ਨੁਕਸਾਨ ਦੀ ਕਿਸਮ** | | **ਸਹਾਇਕ ਦਸਤਾਵੇਜ਼ਾਂ ਦਾ ਵੇਰਵਾ (ਕੀ ਮੁਹੱਈਆ ਅਤੇ ਸ਼ਨਾਖ਼ਤ ਕਰਾਇਆ ਜਾਵੇ ਅਤੇ ਕਿਉਂ)** |
|---|---|---|
| ਕਲਾਸ ਮੈਂਬਰਾਂ ਦੇ ਬੈਂਕ ਖ਼ਾਤੇ ਜਾਂ ਕ੍ਰੈਡਿਟ ਕਾਰਡ ਤੋਂ ਕੀਤੇ ਅਣਅਧਿਕਾਰਤ ਖ਼ਰਚੇ | ***ਮੁੜ ਅਦਾ ਨਾ ਕੀਤੇ ਗਏ ਖ਼ਰਚੇ ਜਾਂ ਨੁਕਸਾਨ*** ਜੋ ਸਿੱਧੇ ਤੌਰ 'ਤੇ ਪੀ ਐੱਸ ਐੱਸ ਘਟਨਾ ਦੇ ਨਤੀਜੇ ਵੱਜੋਂ ਹੁੰਦੇ ਹਨ | **ਮਿਸਾਲ:** ਅਣਅਧਿਕਾਰਤ ਖ਼ਰਚਿਆਂ ਦੀ ਅਦਾਇਗੀ ਵਾਲੀ ਬੈਂਕ ਸਟੇਟਮੈਂਟ<br>• ਢੁਕਵੇਂ ਖ਼ਰਚੇ ਲਾਜ਼ਮੀ ਵਿਸ਼ੇਸ਼ ਰੂਪ ਵਿੱਚ ਦਰਸਾਏ ਜਾਣ ਅਤੇ<br>• ਇਹ ਸਥਾਪਤ ਕਰਨ ਵਾਲੇ ਦਸਤਾਵੇਜ਼ ਲਾਜ਼ਮੀ ਮੁਹੱਈਆ ਕਰਾਏ ਜਾਣ ਕਿ ਇਹ ਅਣਅਧਿਕਾਰਤ ਖ਼ਰਚੇ ਕਿਉਂ ਸਿੱਧੇ ਤੌਰ 'ਤੇ ਪੀ ਐੱਸ ਐੱਸ ਘਟਨਾ ਦੇ ਨਤੀਜੇ ਵੱਜੋਂ ਹੋਏ ਹਨ |

| | | |
|---|---|---|
| ਅਣਅਧਿਕਾਰਤ ਕਰਜ਼ੇ | ***ਮੁੜ ਅਦਾ ਨਾ ਕੀਤੇ ਗਏ ਖ਼ਰਚੇ ਜਾਂ ਨੁਕਸਾਨ*** ਜੋ ਸਿੱਧੇ ਤੌਰ 'ਤੇ ਪੀ ਐੱਸ ਐੱਸ ਘਟਨਾ ਦੇ ਨਤੀਜੇ ਵੱਜੋਂ ਹੁੰਦੇ ਹਨ | **ਮਿਸਾਲ:** ਕਲਾਸ ਮੈਂਬਰ ਦੇ ਨਾਂ ਹੇਠ ਅਣਅਧਿਕਾਰਤ ਕਰਜ਼ੇ ਨੂੰ ਦਰਸਾਉਂਦਾ ਰਿਣਦਾਤਾ, ਕ੍ਰੈਡਿਟ ਰਿਪੋਰਟਿੰਗ ਏਜੰਸੀ, ਪੁਲੀਸ, ਜਾਂ ਕਰਜ਼ਾ ਉਗਰਾਹਕ ਨਾਲ ਹੋਇਆ ਚਿੱਠੀ ਪੱਤਰ |
| ਕ੍ਰੈਡਿਟ ਨਿਗਰਾਨੀ, ਕ੍ਰੈਡਿਟ ਬੀਮਾ, ਸ਼ਨਾਖ਼ਤ ਚੋਰੀ ਸੁਰੱਖਿਆ | ***ਮੁੜ ਅਦਾ ਨਾ ਕੀਤੀਆਂ ਸੇਵਾਵਾਂ*** *ਜੋ ਕਲਾਸ ਮੈਂਬਰ ਦੁਆਰਾ ਨਿਪਟਾਰੇ ਦੀ ਮਿਤੀ ਤੋਂ ਪਹਿਲਾਂ ਪੀ ਐੱਸ ਐੱਸ ਘਟਨਾ ਬਾਰੇ ਸੁਣਨ ਤੋਂ ਬਾਦ ਆਪਣੇ ਖ਼ਾਤਿਆਂ ਜਾਂ ਨਿਜੀ ਜਾਣਕਾਰੀ ਦੀ ਸੁਰੱਖਿਆ ਲਈ* ***ਅਦਾ ਕੀਤੀਆਂ ਗਈਆਂ*** | **ਮਿਸਾਲ:** ਕ੍ਰੈਡਿਟ ਕਾਰਡ ਸਟੇਟਮੈਂਟ, ਬੈਂਕ ਸਟੇਟਮੈਂਟ, ਜਾਂ ਸੇਵਾ ਪ੍ਰਦਾਨਕਰਤਾ ਵੱਲੋਂ ਮਿਤੀ ਅਤੇ ਅਦਾ ਕੀਤੀਆਂ ਗਈਆਂ ਲਾਗਤਾਂ ਵਾਲਾ ਬਿਲ<br>• ਢੁਕਵੀਆਂ ਮਿਤੀਆਂ ਅਤੇ ਅਦਾ ਕੀਤੀਆਂ ਲਾਗਤਾਂ ਨੂੰ ਲਾਜ਼ਮੀ ਵਿਸ਼ੇਸ਼ ਰੂਪ ਵਿੱਚ ਦਰਸਾਇਆ ਜਾਵੇ ਅਤੇ<br>ਇਹ ਸਥਾਪਤ ਕਰਨ ਵਾਲੇ ਹੋਰ ਦਸਤਾਵੇਜ਼ ਲਾਜ਼ਮੀ ਮੁਹੱਈਆ ਕਰਾਏ ਜਾਣ ਕਿ ਇਹ ਨੁਕਸਾਨ ਕਿਉਂ ਸਿੱਧੇ ਤੌਰ 'ਤੇ ਪੀ ਐੱਸ ਐੱਸ ਘਟਨਾ ਦੇ ਨਤੀਜੇ ਵੱਜੋਂ ਹੋਏ ਹਨ |
| ਕ੍ਰੈਡਿਟ ਰਿਪੋਰਟਾਂ | ***ਮੁੜ ਅਦਾ ਨਾ ਕੀਤੀਆਂ ਸੇਵਾਵਾਂ*** *ਜੋ ਕਲਾਸ ਮੈਂਬਰ ਦੁਆਰਾ ਨਿਪਟਾਰੇ ਦੀ ਮਿਤੀ ਤੋਂ ਪਹਿਲਾਂ ਪੀ ਐੱਸ ਐੱਸ ਘਟਨਾ ਬਾਰੇ ਸੁਣਨ ਤੋਂ ਬਾਦ ਆਪਣੇ ਖ਼ਾਤਿਆਂ ਜਾਂ ਨਿਜੀ ਜਾਣਕਾਰੀ ਦੀ ਸੁਰੱਖਿਆ ਲਈ* ***ਅਦਾ ਕੀਤੀਆਂ ਗਈਆਂ*** | **ਮਿਸਾਲ:** ਕ੍ਰੈਡਿਟ ਕਾਰਡ ਸਟੇਟਮੈਂਟ, ਬੈਂਕ ਸਟੇਟਮੈਂਟ, ਜਾਂ ਸੇਵਾ ਪ੍ਰਦਾਨਕਰਤਾ ਵੱਲੋਂ ਮਿਤੀ ਅਤੇ ਅਦਾ ਕੀਤੀਆਂ ਗਈਆਂ ਲਾਗਤਾਂ ਵਾਲਾ ਬਿਲ<br>• ਢੁਕਵੀਆਂ ਮਿਤੀਆਂ ਅਤੇ ਅਦਾ ਕੀਤੀਆਂ ਲਾਗਤਾਂ ਨੂੰ ਲਾਜ਼ਮੀ ਵਿਸ਼ੇਸ਼ ਰੂਪ ਵਿੱਚ ਦਰਸਾਇਆ ਜਾਵੇ ਅਤੇ<br>ਇਹ ਸਥਾਪਤ ਕਰਨ ਵਾਲੇ ਹੋਰ ਦਸਤਾਵੇਜ਼ ਲਾਜ਼ਮੀ ਮੁਹੱਈਆ ਕਰਾਏ ਜਾਣ ਕਿ ਇਹ ਨੁਕਸਾਨ ਕਿਉਂ ਸਿੱਧੇ ਤੌਰ 'ਤੇ ਪੀ ਐੱਸ ਐੱਸ ਘਟਨਾ ਦੇ ਨਤੀਜੇ ਵੱਜੋਂ ਹੋਏ ਹਨ |
| ਹੋਰ ਲਾਗਤਾਂ, ਨੁਕਸਾਨ ਅਤੇ/ਜਾਂ ਮੁੜ ਅਦਾ ਨਾ ਕੀਤੇ ਗਏ ਖ਼ਰਚੇ ਜੋ ਉਪਰ ਸੂਚੀਬੱਧ ਨਹੀਂ ਕੀਤੇ ਗਏ | ***ਮੁੜ ਅਦਾ ਨਾ ਕੀਤੇ ਗਏ ਖ਼ਰਚੇ ਜਾਂ ਨੁਕਸਾਨ*** *ਜੋ ਸਿੱਧੇ ਤੌਰ 'ਤੇ ਪੀ ਐੱਸ ਐੱਸ ਘਟਨਾ ਦੇ ਨਤੀਜੇ ਵੱਜੋਂ ਹੋਏ ਹਨ* | **ਮਿਸਾਲ:** ਅਦਾ ਕੀਤੇ ਗਏ ਖ਼ਰਚਿਆਂ ਸਬੰਧੀ ਮੁਨਾਸਬ ਸਹਾਇਕ ਦਸਤਾਵੇਜ਼<br>ਸਾਰੀ ਢੁਕਵੀਂ ਜਾਣਕਾਰੀ ਲਾਜ਼ਮੀ ਵਿਸ਼ੇਸ਼ ਰੂਪ ਵਿੱਚ ਦਰਸਾਈ ਜਾਵੇ |

15. ਕਲਾਸ ਮੈਂਬਰ ਜੋ ਨੁਕਸਾਨ ਦਾ ਇੱਕ ਪ੍ਰਵਾਨਤ ਪ੍ਰਮਾਣਿਤ ਦਾਅਵਾ ਪੇਸ਼ ਕਰਦੇ ਹਨ, ਦੋ (2) ਘੰਟੇ ਦੇ ਸਮੇਂ ਦੇ ਹਰਜ ("**ਸਮੇਂ ਦਾ ਹਰਜ**") ਲਈ $20 ਕੈਨੇਡੀਅਨ ਪ੍ਰਤੀ ਘੰਟਾ ਦੀ ਦਰ 'ਤੇ ਹਿਸਾਬ ਕਰ ਕੇ, ਪ੍ਰਵਾਨਤ ਪ੍ਰਮਾਣਿਤ ਨੁਕਸਾਨ ਦੀ ਹਰੇਕ ਸ਼੍ਰੇਣੀ ਲਈ, ਮੁੜ ਅਦਾਇਗੀ ਪ੍ਰਾਪਤ ਕਰਨ ਲਈ ਯੋਗ ਹੋਣਗੇ, ਜੋ ਸਮੁੱਚੀ ਕਿਸੇ ਵਿਚਾਰ ਅਧੀਨ ਪ੍ਰਮਾਣਿਤ ਨੁਕਸਾਨ ਦੇ ਪ੍ਰਵਾਨਤ ਮੁਆਵਜ਼ੇ ਤੋਂ ਇਲਾਵਾ ਹੋਵੇਗੀ। ਸਮੇਂ ਦੇ ਹਰਜ ਲਈ ਦਾਅਵਾ ਇੱਕ ਸਬੰਧਤ ਪ੍ਰਵਾਨਤ ਪ੍ਰਮਾਣਿਤ ਨੁਕਸਾਨ ਤੋਂ ਬਗੈਰ ਪੇਸ਼ ਨਹੀਂ ਕੀਤਾ ਜਾ ਸਕਦਾ।

16. ਹਰ ਇੱਕ ਦਾਅਵਾ ਲਾਜ਼ਮੀ ਉਲੰਘਣ ਦੀ ਸੂਚਨਾ ਸਬੰਧੀ ਅਸਲ ਈਮੇਲ ਜਾਂ ਸਹਿਮਤੀ ਪ੍ਰਮਾਣਿਕਤਾ ਸਬੰਧੀ ਈਮੇਲ ਅਤੇ/ਜਾਂ ਪੀ ਐੱਸ ਐੱਸ ਘਟਨਾ ਦੇ ਸਮੇਂ ਕੈਨੇਡਾ ਵਿੱਚ ਨਿਵਾਸ ਦਾ ਸਬੂਤ ਜੋ ਕਲਾਸ ਕਾਉਂਸਲ ਜਾਂ ਦਾਅਵਾ ਪ੍ਰਬੰਧਕ ਨੂੰ ਤਸੱਲੀਬਖ਼ਸ਼ ਜਾਪੇ, ਦੇ ਰੂਪ ਵਿੱਚ ਕਲਾਸ ਮੈਂਬਰਸ਼ਿਪ ਦੇ ਸਬੂਤ ਦੁਆਰਾ ਪ੍ਰਮਾਣਿਤ ਹੋਣਾ ਚਾਹੀਦਾ ਹੈ ("**ਕਲਾਸ ਮੈਂਬਰਸ਼ਿਪ ਦਾ ਸਬੂਤ**")। ਕਲਾਸ ਮੈਂਬਰਾਂ ਨੂੰ ਆਪਣੇ ਪੂਰੇ ਨਾਂ ਨੂੰ ਛੱਡ ਕੇ ਸਾਰੀ ਨਿਜੀ ਜਾਣਕਾਰੀ ਸੰਸ਼ੋਧਤ ਕਰ ਦੇਣੀ ਚਾਹੀਦੀ ਹੈ।

17. ਹਰ ਇੱਕ ਦਾਅਵੇ ਨਾਲ ਹੇਠ ਦਿੱਤੀ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ:

    ੳ. ਪੂਰਾ ਨਾਂ

    ਅ. ਸੰਪਰਕ ਜਾਣਕਾਰੀ (ਡਾਕ ਦਾ ਪਤਾ, ਈਮੇਲ, ਟੈਲੀਫ਼ੋਨ)

    ੲ. ਪ੍ਰਮਾਣਿਤ ਨੁਕਸਾਨ ਦਾ ਸਬੂਤ

    ਸ. ਇਹ ਤਸਦੀਕ ਕਿ ਪ੍ਰਮਾਣਿਤ ਨੁਕਸਾਨ ਦੀ ਕਿਸੇ ਹੋਰ ਸ੍ਰੋਤ ਤੋਂ ਇਸ ਤੋਂ ਪਹਿਲਾਂ ਮੁੜ ਅਦਾਇਗੀ ਨਹੀਂ ਹੋਈ

    ਹ. ਕਲਾਸ ਮੈਂਬਰਸ਼ਿਪ ਦਾ ਸਬੂਤ

    ਕ. ਹਸਤਾਖ਼ਰ ਅਤੇ ਮਿਤੀ

18. ਦਾਅਵੇ ਇੱਕ ਵੈੱਬਸਾਈਟ ਰਾਹੀਂ ਇਲੈਕਟ੍ਰੌਨਿਕ ਮਾਧਿਅਮ ਦੁਆਰਾ ਪੇਸ਼ ਕੀਤੇ ਜਾਣਗੇ।

19. ਕਲਾਸ ਕਾਉਂਸਲ ਜਾਂ ਦਾਅਵਾ ਪ੍ਰਬੰਧਕ ਦਾਅਵਾ ਪੇਸ਼ ਕਰਨ ਵਾਲੇ ਕਿਸੇ ਕਲਾਸ ਮੈਂਬਰ ਤੋਂ ਵਧੀਕ ਜਾਣਕਾਰੀ ਦੀ ਮੰਗ ਕਰ ਸਕਦੇ ਹਨ। ਮੰਗੀ ਗਈ ਜਾਣਕਾਰੀ ਸਮੇਂ ਸਿਰ ਮੁਹੱਈਆ ਕਰਾਉਣ ਵਿੱਚ ਅਸਫ਼ਲਤਾ ਦੇ ਨਤੀਜੇ ਵੱਜੋਂ ਕਿਸੇ ਦਾਅਵੇ ਨੂੰ ਅਸਵੀਕਾਰ ਕੀਤਾ ਜਾ ਸਕਦਾ ਹੈ।

20. ਕਲਾਸ ਕਾਉਂਸਲ ਜਾਂ ਦਾਅਵਾ ਪ੍ਰਬੰਧਕ ਉਨ੍ਹਾਂ ਸਾਰੇ ਦਾਅਵਿਆਂ ਦਾ ਪ੍ਰਬੰਧਨ ਕਰਨਗੇ ਜੋ ਉਸ ਮਿਤੀ ਤੱਕ ਪ੍ਰਾਪਤ ਹੋਣਗੇ ਜੋ ਕਿ ਆਪਣੇ ਦਾਅਵੇ ਪੇਸ਼ ਕਰਨ ਲਈ ਕਲਾਸ ਮੈਂਬਰਾਂ ਨੂੰ ਨੋਟਿਸ ਜਾਰੀ ਕਰਨ ਤੋਂ ਛੇ (6) ਮਹੀਨੇ ਬਾਦ ਦੀ ਹੈ। ਜੇ ਉਪਲਬਧ ਨਿਪਟਾਰਾ ਰਕਮਾਂ ਉਸ ਸਮੇਂ ਪ੍ਰਵਾਨਤ ਸਾਰੇ ਪ੍ਰਮਾਣਿਤ ਦਾਅਵਿਆਂ ਦੀ ਅਦਾਇਗੀ ਕਰਨ ਲਈ ਨਾਕਾਫ਼ੀ ਹੋਣ, ਤਾਂ ਹਰ ਇੱਕ ਦਾਅਵਾ ਅਨੁਪਾਤੀ ਢੰਗ ਨਾਲ ਘਟਾ ਦਿੱਤਾ ਜਾਏਗਾ ("**ਵਿਤਰਨ**")। ਦਾਅਵਿਆਂ ਸਬੰਧੀ ਕਾਰਵਾਈ ਕਰਨ ਨਾਲ ਜੁੜੇ ਖ਼ਰਚੇ ਕਲਾਸ ਕਾਉਂਸਲ ਦੁਆਰਾ ਉਸ ਸਮੇਂ ਨਿਪਟਾਰਾ ਰਕਮਾਂ ਵਿੱਚੋਂ ਹਾਸਲ ਕੀਤੇ ਜਾ ਸਕਣਗੇ।

21. ਵਿਤਰਨ ਤੋਂ ਬਾਦ, ਕਲਾਸ ਕਾਉਂਸਲ ਕੋਈ ਬਚਦੀਆਂ ਰਕਮਾਂ ਦੀ ਪੈਰਾ 10 ਦੇ ਅਨੁਸਾਰ ਸਾਈ-ਪਰੇ (cy-pres) ਵਿਧੀ ਨਾਲ ਵੰਡ ਕਰੇਗਾ। ਜੇ ਅੰਤਿਮ ਵਿਤਰਨ ਤੋਂ ਪਹਿਲਾਂ ਸਾਰੀਆਂ ਨਿਪਟਾਰਾ ਰਕਮਾਂ ਦੀ ਕਲਾਸ ਮੈਂਬਰਾਂ ਨੂੰ ਅਦਾਇਗੀ ਹੋ ਜਾਂਦੀ ਹੈ, ਤਾਂ ਫ਼ਿਰ ਸਾਈ-ਪਰੇ (cy-pres) ਵਿਧੀ ਨਾਲ ਵਿਤਰਨ ਹੋਵੇਗਾ।

22. ਅੰਤਿਮ ਵਿਤਰਨ ਤੋਂ ਬਾਦ ਜਾਂ ਕਿਸੇ ਅਜਿਹੇ ਸਮੇਂ ਜਦੋਂ ਵੰਡਣ ਲਈ ਕੋਈ ਰਕਮਾਂ ਬਚੀਆਂ ਨਾ ਹੋਣ, ਤਾਂ ਕਲਾਸ ਕਾਉਂਸਲ ਪੇਸ਼ ਕੀਤੇ ਗਏ ਦਾਅਵਿਆਂ, ਅਦਾ ਕੀਤੀਆਂ ਗਈਆਂ ਰਕਮਾਂ, ਖ਼ਰਚਿਆਂ, ਸੇਵਾ ਫ਼ਲਾਂ, ਫ਼ੀਸਾਂ, ਟੈਕਸਾਂ, ਸਾਈ-ਪਰੇ (cy-pres) ਵਿਧੀ ਨਾਲ ਵਿਤਰਨ, ਅਤੇ ਵਿਤਰਨ ਪ੍ਰੋਟੋਕੋਲ ਪ੍ਰਕਿਰਿਆ ਜਾਂ ਨਿਪਟਾਰਾ ਰਕਮਾਂ ਦੀ ਵਰਤੋਂ ਨਾਲ ਸਬੰਧਤ ਕੋਈ ਹੋਰ ਮਾਮਲਿਆਂ ਨੂੰ ਦਰਸਾਉਂਦਿਆਂ, ਨਿਪਟਾਰਾ ਰਕਮਾਂ ਦੀ ਵਰਤੋਂ ਸਬੰਧੀ ਹਿਸਾਬ ਕਿਤਾਬ ਦਾ ਵੇਰਵਾ ਇੱਕ ਸੂਚਨਾ ਪੱਤਰ ਰਾਹੀਂ ਕੇਸ ਮੈਨੇਜਮੈਂਟ ਜੱਜ ਅਤੇ ਪ੍ਰਤਿਵਾਦੀਆਂ ਨੂੰ ਭੇਜੇਗਾ।